# ਮਰੀਜ਼ਾਂ ਅਤੇ ਮਾਪਿਆਂ ਲਈ ਟੀਕਾਕਰਨ ਰਜਿਸਟਰੀ ਨੋਟਿਸ

ਟੀਕਾਕਰਨ ਜਾਂ 'ਟੀਕੇ' ਗੰਭੀਰ ਬਿਮਾਰੀਆਂ ਤੋਂ ਬਚਾਉਂਦੇ ਹਨ। ਟੂਬਰਕੂਲੋਸਿਸ (ਟੀਬੀ) ਦੀ ਜਾਂਚ ਦੇ ਟੈਸਟ ਇਹ ਪਤਾ ਕਰਨ ਵਿੱਚ ਮਦਦ ਕਰਦੇ ਹਨ ਜੇਕਰ ਤੁਹਾਨੂੰ ਟੀਬੀ ਹੈ ਅਤੇ ਇਸ ਦੀ ਸਕੂਲ ਜਾਂ ਕੰਮ ਲਈ ਜ਼ਰੂਰਤ ਹੋ ਸਕਦੀ ਹੈ। ਤੁਹਾਡੇ ਵੱਲੋਂ ਪ੍ਰਾਪਤ ਕੀਤੇ ਟੀਕਿਆਂ/ਟੀਬੀ ਦੇ ਟੈਸਟਾਂ ਦੇ ਰਿਕਾਰਡ ਯਾਦ ਰੱਖਣਾ ਮੁਸ਼ਕਲ ਹੋ ਸਕਦਾ ਹੈ। ਜੇਕਰ ਟੀਕੇ ਇੱਕ ਤੋਂ ਵੱਧ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਲਗਾਏ ਗਏ ਹਨ, ਫਿਰ ਤਾਂ ਉਹਨਾਂ ਨੂੰ ਯਾਦ ਰੱਖਣਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ। ਅੱਜ ਦੇ ਸਮੇਂ ਵਿੱਚ ਸਿਹਤ ਸੰਭਾਲ ਪ੍ਰਦਾਤਾ ਦੇ ਲਗਾਏ ਗਏ ਟੀਕਿਆਂ ਅਤੇ ਕੀਤੇ ਗਏ ਟੀਬੀ ਟੈਸਟਾਂ ਦਾ ਰਿਕਾਰਡ ਰੱਖਣ ਲਈ ਇੱਕ ਸੁਰੱਖਿਅਤ ਕੰਪਿਊਟਰ ਪ੍ਰਣਾਲੀ ਦੀ ਵਰਤੋਂ ਕਰਦੇ ਹਨ ਜਿਸ ਨੂੰ ਟੀਕਾਕਰਨ ਰਜਿਸਟਰੀ ਕਿਹਾ ਜਾਂਦਾ ਹੈ। ਜੇਕਰ ਤੁਸੀਂ ਪ੍ਰਦਾਤਾ ਬਦਲਦੇ ਹੋ, ਤਾਂ ਤੁਹਾਡਾ ਨਵੇ ਪ੍ਰਦਾਤਾ ਟੀਕੇ/ਟੀਬੀ ਦੇ ਟੈਸਟ ਨੂੰ ਦੇਖਣ ਲਈ ਰਜਿਸਟਰੀ ਦੀ ਵਰਤੋਂ ਕਰ ਸਕਦਾ/ਸਕਦੀ ਹੈ।

### ਰਜਿਸਟਰੀ ਤੁਹਾਡੀ ਮਦਦ ਕਿਵੇਂ ਕਰਦੀ ਹੈ?

- ਸਾਰੇ ਟੀਕਿਆਂ ਅਤੇ ਟੀਬੀ ਦੇ ਟੈਸਟਾਂ (ਚਮੜੀ ਦੇ ਟੈਸਟਾਂ/ਛਾਤੀ ਦੇ ਐਕਸ-ਰੇ) ਦਾ ਟ੍ਰੈਕ ਰੱਖਦੀ ਹੈ, ਤਾਂ ਜੋ ਤੁਸੀਂ ਕੋਈ ਟੀਕਾ ਲਗਵਾਉਣਾ ਭੁੱਲ ਨਾ ਜਾਓ ਜਾਂ ਜਿਆਦਾ ਨਾ ਲਗਵਾ ਬੈਠੋ
- ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਟੀਕੇ ਦੀ ਲੋੜ ਹੋਣ 'ਤੇ ਤੁਹਾਨੂੰ ਸੁਨੇਹਾ ਦੇ ਕੇ ਯਾਦ ਦਵਾਉਂਦੀ ਹੈ
- ਤੁਹਾਨੂੰ myvaccinerecord.cdph.ca.gov 'ਤੇ ਤੁਹਾਡੇ ਡਿਜੀਟਲ ਵੈਕਸੀਨ ਰਿਕਾਰਡ ਤੱਕ ਪਹੁੰਚਣ ਦਿੰਦਾ ਹੈ। ਰਿਕਾਰਡਾਂ ਦੀ ਵਰਤੋਂ ਬਾਲ ਦੇਖਭਾਲ, ਸਕੂਲ ਜਾਂ ਕੰਮ ਲਈ ਕੀਤੀ ਜਾ ਸਕਦੀ ਹੈ।

### ਰਜਿਸਟਰੀ ਤੁਹਾਡੀ ਸਿਹਤ ਸੰਭਾਲ ਟੀਮ ਦੀ ਮਦਦ ਕਿਵੇਂ ਕਰਦੀ ਹੈ?

ਡਾਕਟਰ, ਨਰਸਾਂ, ਸਿਹਤ ਪਲਾਨਾਂ, ਅਤੇ ਜਨਤਕ ਸਿਹਤ ਏਜੰਸੀਆਂ ਰਜਿਸਟਰੀ ਦੀ ਵਰਤੋਂ ਇਸ ਲਈ ਕਰਦੀਆਂ ਹਨ:

- ਦੇਖਣਾ ਕਿ ਕਿਹੜੇ ਟੀਕਿਆਂ/ਟੀਬੀ ਦੇ ਟੈਸਟਾਂ ਦੀ ਲੋੜ ਹੈ
- ਲਿੱਤੇ ਜਾਣ ਵਾਲੇ ਟੀਕਿਆਂ ਬਾਰੇ ਤੁਹਾਨੂੰ ਯਾਦ ਦਵਾਉਣਾ
- ਤਹਾਡੇ ਭਾਈਚਾਰੇ ਵਿੱਚ ਬਿਮਾਰੀ ਨੂੰ ਫੈਲਣ ਤੋਂ ਬਚਾਉਣਾ
- ਰਿਕਾਰਡ ਰੱਖਣ ਵਿੱਚ ਮਦਦ ਕਰਨਾ

### ਕੀ ਸਕੂਲ ਜਾਂ ਹੋਰ ਪ੍ਰੋਗਰਾਮ ਰਜਿਸਟਰੀ ਨੂੰ ਦੇਖ ਸਕਦੇ ਹਨ?

ਹਾਂ, ਪਰ ਇਹ ਸੀਮਤ ਹੈ। ਸਕੂਲਾਂ, ਬਾਲ ਦੇਖਭਾਲ, ਅਤੇ ਕੈਲੀਫੋਰਨੀਆ ਦੇ ਕਨੂੰਨ ਦੇ ਹੇਠ ਆਉਣ ਵਾਲੀਆਂ ਹੋਰਨਾਂ ਏਜੰਸੀਆਂ ਵੱਲੋਂ ਇਹ ਕੰਮ ਕੀਤੇ ਜਾ ਸਕਦੇ ਹਨ:

- ਇਹ ਦੇਖਣਾ ਕਿ ਬੱਚਿਆਂ ਨੂੰ ਕਿਹੜੇ ਟੀਕਿਆਂ/ਟੀਬੀ ਦੇ ਟੈਸਟਾਂ ਦੀ ਜ਼ਰੂਰਤ ਹੈ
- ਯਕੀਨੀ ਬਣਾਉਣਾ ਕਿ ਬੱਚੇ ਬਾਲ ਦੇਖਭਾਲ ਜਾਂ ਸਕੂਲ ਨੂੰ ਸ਼ੁਰੂ ਕਰਨ ਲਈ ਲੋੜੀਂਦੇ ਟੀਕਿਆਂ ਅਤੇ ਟੀਬੀ ਦੇ ਟੈਸਟਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ

### ਰਜਿਸਟਰੀ ਵਿੱਚ ਕਿਹੜੀ ਜਾਣਕਾਰੀ ਸਾਂਝੀ ਕੀਤੀ ਜਾ ਸਕਦੀ ਹੈ?

- ਮਰੀਜ਼ ਦਾ ਨਾਮ, ਲਿੰਗ, ਅਤੇ ਜਨਮ ਦੀ ਤਾਰੀਖ਼
- ਮਾਪਿਆਂ ਜਾਂ ਸਰਪ੍ਰਸਤਾਂ ਦੇ ਨਾਮ
- ਮਰੀਜ਼ਾਂ ਦੀ ਪਛਾਣ ਕਰਨ ਲਈ ਸੀਮਤ ਜਾਣਕਾਰੀ
- ਮਰੀਜ਼ ਨੂੰ ਲੱਗੇ ਟੀਕਿਆਂ/ਟੀਬੀ ਦੇ ਟੈਸਟਾਂ ਜਾਂ ਮੈਡੀਕਲ ਛੋਟਾਂ ਦੇ ਵੇਰਵੇ

ਰਜਿਸਟਰੀ ਵਿੱਚ ਦਰਜ ਕੀਤੀ ਜਾਣ ਵਾਲੀ ਜਾਣਕਾਰੀ ਨੂੰ ਦੂਜੀ ਗੁਪਤ ਮੈਡੀਕਲ ਜਾਣਕਾਰੀ ਵਾਂਗ ਰੱਖਿਆ ਜਾਂਦਾ ਹੈ। ਰਜਿਸਟਰੀ ਦੀ ਦੁਰਵਰਤੋਂ ਕਰਨ 'ਤੇ ਕਨੂੰਨ ਵੱਲੋਂ ਸਜ਼ਾ ਦਿੱਤੀ ਜਾ ਸਕਦੀ ਹੈ। ਕੈਲੀਫੋਰਨੀਆ ਦੇ ਕਨੂੰਨ ਦੇ ਤਹਿਤ, ਕੇਵਲ ਤੁਹਾਡੇ ਪ੍ਰਦਾਤਾ ਦਾ ਦਫ਼ਤਰ, ਸਿਹਤ ਪਲਾਨ, ਜਾਂ ਪਬਲਿਕ ਸਿਹਤ ਵਿਭਾਗ ਵੱਲੋਂ ਤੁਹਾਡੇ ਪਤੇ ਅਤੇ ਫੋਨ ਨੰਬਰ ਨੂੰ ਦੇਖਿਆ ਜਾ ਸਕਦਾ ਹੈ। ਸਿਹਤ ਅਧਿਕਾਰੀ ਵੀ ਪਬਲਿਕ ਸਿਹਤ ਦੀ ਰੱਖਿਆ ਕਰਨ ਲਈ ਰਜਿਸਟਰੀ ਨੂੰ ਦੇਖ ਸਕਦੇ ਹਨ।

### ਮਰੀਜ਼ ਅਤੇ ਮਾਪਿਆਂ ਦੇ ਅਧਿਕਾਰ

ਆਪਣੇ ਪ੍ਰਦਾਤਾ ਨੂੰ ਹੇਠ ਲਿਖੀਆਂ ਗੱਲਾਂ ਪੁੱਛਣਾ ਤੁਹਾਡਾ ਕਨੂੰਨੀ ਅਧਿਕਾਰ ਹੈ:

- ਗੈਰ-ਕਲੀਨਿਕਲ CAIR ਸਾਈਟਾਂ ਨੂੰ ਤੁਹਾਡੇ (ਜਾਂ ਤੁਹਾਡੇ ਬੱਚੇ ਦੇ) ਰਜਿਸਟਰੀ ਰਿਕਾਰਡਾਂ ਤੱਕ ਪਹੁੰਚ ਬਣਾਉਣ ਤੋਂ ਰੋਕਣਾ
- ਆਪਣੇ ਪ੍ਰਦਾਤਾ ਦੇ ਦਫਤਰ ਤੋਂ ਟੀਕਾ ਲਗਵਾਉਣ ਸੰਬੰਧੀ ਅਪਾਇੰਟਮੈਂਟ ਦੀ ਯਾਦ ਦਵਾਉਣ ਲਈ ਸੁਨੇਹੇ ਪ੍ਰਾਪਤ ਨਾ ਕਰਨਾ
- ਤੁਹਾਡੇ ਜਾਂ ਤੁਹਾਡੇ ਬੱਚੇ ਦੇ ਟੀਕੇ/ਟੀਬੀ ਦੇ ਟੈਸਟ ਦੇ ਰਿਕਾਰਡਾਂ ਦੀ ਕਾਪੀ ਮੰਗਣਾ
- ਪੁੱਛਣਾ ਕਿ ਰਿਕਾਰਡ ਕਿਸ ਨੇ ਦੇਖੇ ਹਨ ਅਤੇ ਕਿਸੇ ਗਲਤੀ ਵਿੱਚ ਸੋਧ ਕਰਨਾ

### ਜੇਕਰ ਤੁਸੀਂ ਤੁਹਾਡੇ ਬੱਚੇ ਦੇ ਰਿਕਾਰਡਾਂ ਨੂੰ ਦੇਖਣ ਵਾਲੇ ਲੋਕਾਂ ਨੂੰ ਸੀਮਿਤ ਕਰਨਾ ਚਾਹੁੰਦੇ ਹੋ:

ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਪ੍ਰਦਾਤਾ ਦਾ ਦਫ਼ਤਰ ਤੁਹਾਡੇ ਟੀਕਾਕਰਨ/ਟੀਬੀ ਟੈਸਟ ਦੀ ਜਾਣਕਾਰੀ ਨੂੰ ਗੈਰ-ਕਲੀਨਿਕਲ CAIR ਸਾਈਟਾਂ ਨਾਲ ਸਾਂਝਾ ਕਰੇ, ਤਾਂ ਆਪਣੇ ਪ੍ਰਦਾਤਾ ਨੂੰ CAIR ਵਿੱਚ ਤੁਹਾਡੇ ਰਿਕਾਰਡਾਂ ਨੂੰ ਲਾਕ ਕਰਨ ਲਈ ਕਹੋ। CAIR ਵੈੱਬਸਾਈਟ (bit.ly/CAIRforms) ਤੋਂ "Request to Unlock My CAIR Record" ਮੇਰੇ CAIR ਰਿਕਾਰਡ ਨੂੰ ਲੌਕ ਕਰਨ ਲਈ ਬੇਨਤੀ ਫਾਰਮ ਨੂੰ ਪੂਰਾ ਕਰੋ। ਜੇਕਰ ਤੁਸੀਂ ਆਪਣਾ ਮਨ ਬਦਲ ਲੈਂਦੇ ਹੋ, ਤਾਂ "Request to Unlock My CAIR Record" (ਮੇਰੇ CAIR ਰਿਕਾਰਡ ਨੂੰ ਅਨਲੌਕ ਕਰਨ ਲਈ ਬੇਨਤੀ) ਫਾਰਮ ਨੂੰ ਪੂਰਾ ਕਰੋ।

**ਹੋਰ ਜਾਣਕਾਰੀ ਲਈ, CAIR ਹੈਲਪ ਡੈਸਕ ਨਾਲ 800-578-7889 'ਤੇ ਜਾਂ CAIRHelpDesk@cdph.ca.gov 'ਤੇ ਸੰਪਰਕ ਕਰੋ**